X-2|2111 　　　　　　　　　　　　　　　　　　　　　　　　10015/NLL

ਸਮੈਸਟਰ-3

ਪੰਜਾਬੀ ਲਾਜ਼ਮੀ – BBA 307

ਸਮਾਂ : 3 ਘੰਟੇ 　　　　　　　　　　　　　　　　　　　　　　　　ਕੁੱਲ ਅੰਕ: 75

1. ਹੇਠ ਲਿਖੀਆਂ ਵਿਚੋਂ ਕਿਸੇ ਇਕ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ:
   (ੳ) ਘਰ
   (ਅ) ਉਜਾੜ
   (ੲ) ਤੂੰ ਨਿਹਾਲਾ ਨਾ ਬਣੀਂ
   (12)
2. ਹੇਠ ਲਿਖਿਆਂ ਵਿਚੋਂ ਕਿਸੇ ਇਕ ਦਾ ਪਾਤਰ ਚਿਤਰਨ ਕਰੋ:
   (ੳ) ਆਲਾ ਸਿੰਘ (ਉਜਾੜ)
   (ਅ) ਨਿਹਾਲਾ (ਤੂੰ ਨਿਹਾਲਾ ਨਾ ਬਣੀਂ)
   (ੲ) ਕੁਲਵੰਤ (ਦਰਦ)
   (12)
3. ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਕੇ ਲਿਖੋ ਅਤੇ ਢੁਕਵਾਂ ਸਿਰਲੇਖ ਦਿਓ:

   ਸਮਾਜ ਵਿਚ ਵਾਪਰਨ ਵਾਲੀ ਹਰ ਘਟਨਾ ਨੇ ਅਤੀਤ ਬਣ ਜਾਣਾ ਹੁੰਦਾ ਹੈ ਅਤੇ ਇਹਨਾਂ ਵਿਚੋਂ ਉਹ ਘਟਨਾਵਾਂ ਇਤਿਹਾਸ ਬਣ ਜਾਂਦੀਆਂ ਹਨ ਜਿਨ੍ਹਾਂ ਨੇ ਸਮਾਜ ਨੂੰ ਅਤੇ ਇਸਦੇ ਬਾਸ਼ਿੰਦਿਆਂ ਨੂੰ ਪ੍ਰਭਾਵਿਤ ਕਰਨਾ ਹੁੰਦਾ ਹੈ। ਅਤੀਤ ਦੀਆਂ ਉਹ ਘਟਨਾਵਾਂ ਜੋ ਇਤਿਹਾਸ ਬਣ ਜਾਂਦੀਆਂ ਹਨ ਅਗਲੇਰੇ ਸਮਿਆਂ ਵਿਚ ਲੋਕਾਂ ਲਈ ਰਾਹ ਦਸੇਰੇ ਦਾ ਕੰਮ ਵੀ ਕਰਦੀਆਂ ਹਨ। ਇਸ ਕੰਮ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਕਾਰਜ ਸਾਹਿਤ ਬਾਖੂਬੀ, ਆਸਾਨੀ ਨਾਲ ਅਤੇ ਗੁਣਵੱਤਾ ਨਾਲ ਕਰ ਦਿੰਦਾ ਹੈ। ਇਤਿਹਾਸ ਦੀ ਸਿੱਖਿਆ ਸਾਹਿਤ ਰਾਹੀਂ ਇਸ ਕਰਕੇ ਸਭ ਤੋਂ ਵਧੀਆ ਤਰੀਕੇ ਨਾਲ ਪ੍ਰਾਪਤ ਕੀਤੀ ਜਾ ਸਕਦੀ ਹੈ ਕਿਉਂਕਿ ਸਾਹਿਤ ਤੱਥਾਂ ਨੂੰ ਇਕ ਕੜੀ ਵਿਚ ਪਰੋ ਕੇ ਅਤੇ ਰੌਚਕ ਬਣਾ ਕੇ ਪੇਸ਼ ਕਰਦਾ ਹੈ ਅਤੇ ਵਰਤਮਾਨ ਵਿਚ ਇਤਿਹਾਸ ਨੂੰ ਪੇਸ਼ ਕਰਕੇ ਲੋਕਾਂ ਨਾਲ ਸਰੋਕਾਰ ਪੈਦਾ ਕਰ ਲੈਂਦਾ ਹੈ।
   (9)
4. ਪੰਜਾਬੀ ਦੀਆਂ ਮੂਲ ਵਿਆਕਰਨਕ ਇਕਾਈਆਂ ਤੇ ਨੋਟ ਲਿਖੋ

   ਜਾਂ

   ਵਾਕ ਦੀ ਪਰਿਭਾਸ਼ਾ ਦਿੰਦੇ ਹੋਏ ਵਾਕ ਦੀਆਂ ਕਿਸਮਾਂ ਤੇ ਨੋਟ ਲਿਖੋ
   (12)
5. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ:
   i. ਬਾਬਾ ਹੁਕਮਾ ਬਿੱਲੋ ਨੂੰ ਹਰ ਰੋਜ਼ ਉਸ ਦੇ ਅੱਬੇ ਦੀ ਚਿੱਠੀ ਬਾਰੇ ਕਿਉਂ ਪੁੱਛਦਾ ਸੀ?
   ii. ਹਰਜੀਤ ਅਟਵਾਲ ਦੀ ਭਾਸ਼ਾ ਸ਼ੈਲੀ ਬਾਰੇ ਸੰਖੇਪ ਚਰਚਾ ਕਰੋ।
   iii. ਪਰਿਵਾਰ ਵਿੱਚੋਂ ਡੇਰੇ ਨਾਲ ਕਿਸ ਦੀ ਨੇੜਤਾ ਨਵਪ੍ਰੀਤ ਨੂੰ ਚੁਭਦੀ ਸੀ?
   iv. ਨਿਹਾਲੇ ਦੇ ਸ਼ਹਿਰ ਚਲੇ ਜਾਣ ਤੋਂ ਬਾਅਦ ਪਿੰਡ ਦੇ ਲੋਕ ਉਸ ਬਾਰੇ ਕੀ ਸੋਚਦੇ ਸਨ?
   v. ਕਰਮ ਸਿੰਘ ਨੂੰ ਪਿੰਡ ਵਾਲੇ ਬਾਪੂ ਦੇ ਅਸਲ ਵਾਰਿਸ ਕਿਉਂ ਜਾਪੇ ਸਨ?
   vi. 'ਕਸਤੂਰੀ' ਕਹਾਣੀ ਵਿਚ ਵਰਤੇ ਗਏ ਕਥਾ ਚਿੰਨ ਕਸਤੂਰੀ ਦੇ ਪ੍ਰਤੀਕਾਤਮਕ ਅਰਥ ਕੀ ਹਨ?
   vii. ਘਰ ਕਹਾਣੀ ਵਿਚ 'ਕੱਚ ਦਾ ਭਾਂਡਾ' ਪ੍ਰਤੀਕ ਕਿਸ ਦੁਆਰਾ ਕਿਸ ਲਈ ਵਰਤਿਆ ਗਿਆ?
   viii. ਤਾਈ ਦੇ ਘਰ ਕੰਮ ਧੰਦਾ ਕਰਨ ਆਉਂਦੀ ਕੋਈ ਵੀ ਤੀਵੀਂ ਜਿਆਦਾ ਸਮਾਂ ਕਿਉਂ ਨਹੀਂ ਟਿਕਦੀ ਸੀ?
   ix. ਭਾਵਾਂਸ਼ ਕੀ ਹੁੰਦਾ ਹੈ?
   x. ਵਾਕ ਅਤੇ ਉਪ-ਵਾਕ ਵਿਚ ਕੀ ਅੰਤਰ ਹੈ?
   xi. ਬਣਤਰ ਦੇ ਆਧਾਰ ਤੇ ਵਾਕ ਕਿੰਨੀ ਪ੍ਰਕਾਰ ਦੇ ਹਨ?
   xii. ਵਧੇਤਰ ਕਿੰਨੀ ਪ੍ਰਕਾਰ ਦੇ ਅਤੇ ਕਿਹੜੇ ਕਿਹੜੇ ਹਨ?
   xiii. ਸਧਾਰਨ ਵਾਕ ਅਤੇ ਸੰਯੁਕਤ ਵਾਕ ਵਿਚ ਅੰਤਰ ਸਪੱਸ਼ਟ ਕਰੋ।
   xiv. ਕੋਈ ਤਿੰਨ ਹੁਕਮੀਆ ਵਾਕ ਬਣਾਓ।
   xv. ਬੰਧੇਜੀ ਭਾਵਾਂਸ਼ ਕੀ ਹੁੰਦਾ ਹੈ?

   (15X2=30)